# ਗੁਰਸ਼ਰਨ ਸਿੰਘ ਬਨਾਮ 'ਰੰਗਮੰਚ'

*ਲੋਕ-ਨਾਇਕ ਅਤੇ ਨੁੱਕੜ-ਨਾਟਕਕਾਰ ਗੁਰਸ਼ਰਨ ਸਿੰਘ ਦਾ ਲੋਕਾਂ ਵਿਚ ਆ ਕੇ ਨਾਟਕ ਖੇਡਣ ਦਾ ਵਿਸ਼ਾਲ ਅਨੁਭਵ ਹੈ। ਪਿਛਲੇ ਦਿਨ ਸੰਗੀਤ ਨਾਟ-ਅਕਾਦਮੀ ਦੇ ਚੰਡੀਗੜ੍ਹ ਵਿਖੇ ਦਫ਼ਤਰ ਵਿਚ ਉਨ੍ਹਾਂ ਨਾਲ ਇਕ ਵਿਸ਼ੇਸ਼ 'ਰੰਗਮੰਚ ਸੰਵਾਦ' ਹੋਇਆ, ਜਿਸ ਵਿਚ ਉਨ੍ਹਾਂ ਨੇ ਨੁੱਕੜ-ਨਾਟ ਦੀ ਵਿਧਾ, ਮਹੱਤਤਾ ਤੇ ਲੋੜ ਬਾਰੇ ਅਤੇ ਪੰਜਾਬੀ ਨੁੱਕੜ-ਨਾਟ ਦੀ ਸਥਿਤੀ ਬਾਰੇ ਵਿਸਤ੍ਰਿਤ ਵਿਚਾਰ 'ਰੰਗਮੰਚ' ਨਾਲ ਸਾਂਝੇ ਕੀਤੇ ਜੋ ਅਸੀਂ 'ਰੰਗਮੰਚ' ਦੇ ਪਾਠਕ ਰੰਗਕਰਮੀਆਂ ਲਈ ਪ੍ਰਕਾਸ਼ਿਤ ਕਰ ਰਹੇ ਹਾਂ।*

? ਇਹ ਇਕ ਆਮ ਸਵਾਲ ਹੈ ਜੋ ਤੁਹਾਡੇ ਸੰਦਰਭ ਵਿਚ ਉੱਠਦਾ ਹੈ, ਭਾਅ ਜੀ, ਤੁਸੀਂ ਪ੍ਰੋਸੀਨੀਅਮ ਤੋਂ ਨੁੱਕੜ ਤਕ ਆਉਣ ਦੀ ਲੋੜ ਕਿਉਂ ਮਹਿਸੂਸ ਕੀਤੀ ?

• ਵੱਡੀ ਗੱਲ ਤਾਂ ਇਸ ਵਿਚ ਵੇਖਣ ਵਾਲੀ ਇਹ ਹੈ ਕਿ ਮੈਂ ਪ੍ਰੋਸੀਨੀਅਮ ਵਿਚ ਰਿਹਾ ਹੀ ਕਦੋਂ ਹਾਂ। ਮੇਰੀ ਤਾਂ ਆਰੰਭਿਕ ਰੁਚੀ ਹੀ 'ਥੜ੍ਹਾ' ਰਹੀ ਏ ਤੇ ਮੈਂ ਪ੍ਰੋਸੀਨੀਅਮ ਨੂੰ ਵੀ ਥੜ੍ਹੇ ਵਾਂਗ ਹੀ ਪ੍ਰਯੋਗ ਕੀਤਾ ਏ। ਭਾਵੇਂ ਉਹ ਕਮਾਨੀ ਆਡੀਟੋਰੀਅਮ ਰਿਹਾ ਹੋਵੇ, ਚਾਹੇ ਪ੍ਰਿਥਵੀ ਥੀਏਟਰ ਤੇ ਚਾਹੇ ਇੰਗਲੈਂਡ, ਕੈਨੇਡਾ ਦੇ ਹਾਲ। ਮੇਰੀ ਲੋੜ ਤਾਂ ਉਥੋਂ ਦੀਆਂ ਸੀਟਾਂ ਤੇ ਥੜ੍ਹੇ ਤਕ ਸੀਮਤ ਰਹੀ ਏ। ਇਹ ਗੱਲ ਸਵੀਕਾਰ ਕਰਨ ਵਿਚ ਮੈਨੂੰ ਕੋਈ ਇਤਰਾਜ਼ ਨਹੀਂ ਕਿ ਮੈਂ ਇਨ੍ਹਾਂ ਥੀਏਟਰਾਂ ਨੂੰ ਤਕਨੀਕੀ ਤੌਰ 'ਤੇ ਇਸਤੇਮਾਲ ਨਹੀਂ ਕਰ ਸਕਦਾ। ਸੋ ਮੈਂ ਕਿਸੇ ਨਾਟਕ ਦੀ ਸਿਰਜਣਾ/ਡਿਜ਼ਾਇਨਿੰਗ ਵੇਲੇ ਹੀ 'ਥੜ੍ਹੇ' ਦਾ ਖਿਆਲ ਰੱਖਦਾ ਹਾਂ। ਮੇਰੀ ਤਾਂ ਇੱਛਾ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਣ ਦੀ ਏ। ਲੋਕ ਜਦੋਂ ਮੇਰੇ ਥੀਏਟਰ 'ਚ ਨਹੀਂ ਆਏ, ਮੈਂ ਥੀਏਟਰ ਨੂੰ ਲੋਕਾਂ ਵਿਚ ਲੈ ਗਿਆ...

? ਕੀ ਪ੍ਰੋਸੀਨੀਅਮ ਤੋਂ ਨੁੱਕੜ ਤਕ ਆਉਣ ਦੇ ਸਫ਼ਰ ਵਿਚ ਥੀਏਟਰੀ-ਮਾਨਤਾਵਾਂ ਨੂੰ ਸੱਟ ਨਹੀਂ ਵੱਜੀ ?

• ਅਸਲ ਵਿਚ ਮੈਂ ਡਿਜ਼ਾਇਨਿੰਗ ਵੇਲੇ ਹੀ ਇਸ ਨੁਕਤੇ ਬਾਰੇ ਸੁਚੇਤ ਰਿਹਾ ਹਾਂ। ਸੋ ਮੈਂ ਨੁੱਕੜ ਦੀ ਵੀ ਇਕ ਨਵੀਂ ਫਾਰਮ ਘੜੀ, ਜਿਸ ਵਿਚ ਨੁੱਕੜ ਅਤੇ ਪ੍ਰੋਸੀਨੀਅਮ ਦੋਹਾਂ ਲਈ ਥਾਂ ਸੀ ਅਤੇ ਕਿਉਂਕਿ ਮੇਰੇ ਨਾਟਕ ਇਨਾਂ ਦੋਹਾਂ ਲਈ ਸਨ, ਮੇਰੇ ਨਾਟਕਾਂ ਨੂੰ ਪ੍ਰੋਸੀਨੀਅਮ ਤੋਂ ਉਸ ਤਰ੍ਹਾਂ ਨੁੱਕੜ ਤਕ ਨਹੀਂ ਜਾਣਾ ਪਿਆ ਕਿ ਇਨ੍ਹਾਂ ਨਾਲ

ਸੰਬੰਧਿਤ ਥੀਏਟਰੀ -ਮਾਨਤਾਵਾਂ ਨੂੰ ਸੱਟ ਵੱਜਦੀ। 'ਟੋਆ' ਨਾਟਕ ਦੀ ਇਸ ਸੰਬੰਧੀ ਮਿਸਾਲ ਲਈ ਜਾ ਸਕਦੀ ਏ ਪਰ ਫਿਰ ਵੀ 'ਫਾਰਮ' ਤੇ ਮੈਨੂੰ ਕਿਸੇ ਹੱਦ ਤਕ ਕੰਮਪਰੋਮਾਈਜ਼ ਕਰਨਾ ਪਿਆ ਏ। ਨੁੱਕੜ 'ਤੇ ਨਾਟਕ ਕਰਨ ਦੀ ਆਦੀ ਹੋਣ ਕਰਕੇ ਮੇਰੇ ਅਭਿਨੇਤਾ ਸਟੇਜ ਅਤੇ ਟੀ. ਵੀ. ਦੇ ਲਾਊਡਨੈੱਸ ਦੇ ਸ਼ਿਕਾਰ ਹੋ ਕੇ ਅਭਿਨੈ ਨਾਲ ਜੁੜੀਆਂ ਮਾਨਤਾਵਾਂ ਲਈ ਸਵਾਲ ਖੜੇ ਕਰ ਦਿੰਦੇ ਨੇ।

? ਕੀ ਥੀਏਟਰ ਜਿਹੇ ਜਬਰਦਸਤ ਸੰਚਾਰ ਮਾਧਿਅਮ ਨੂੰ ਗਲੀਆਂ ਵਿਚ ਲੈ ਜਾਣ ਦੀ ਪ੍ਰਕ੍ਰਿਆ ਇਸਨੂੰ ਸਸਤਿਆਂ ਨਹੀਂ ਰਹੀ...?

• ਨਹੀਂ...ਮੇਰੇ ਖਿਆਲ ਅਨੁਸਾਰ ਸਟੇਜ ਤੇ ਨੁੱਕੜ ਦੋਹਾਂ ਦੀਆਂ ਆਪਣੀਆਂ ਮਾਨਤਾਵਾਂ ਹਨ। ਤੁਹਾਨੂੰ ਇਹ ਵੇਖਣਾ ਪਵੇਗਾ ਕਿ ਕਿਹੜੇ ਨਾਟਕ ਹਨ ਜੋ ਨੁੱਕੜ ਤੇ ਜਾਣ ਦੇ ਯੋਗ ਹਨ। ਕੁਝ ਨਾਟਕ ਹੀ ਹੋਣਗੇ ਜੋ ਨੁੱਕੜ ਤੇ ਜਾਣਗੇ, ਬਾਕੀ ਸਟੇਜ ਲਈ ਰਹਿਣਗੇ। ਇਸ ਲਈ ਸਟੇਜ ਦਾ ਥੀਏਟਰ ਨੂੰ ਇਸ ਵਿਧਾ ਦਾ ਕੋਈ ਨੁਕਸਾਨ ਨਹੀਂ। ਮੈਂ ਸਮਝਦਾ ਹਾਂ।

? ਕੀ ਤੁਸੀਂ ਇਹ ਨਹੀਂ ਸਮਝਦੇ ਕਿ ਨੁੱਕੜ-ਨਾਟਕ ਦੀ ਵਿਧਾ ਸਾਹਿਤ/ਕਲਾ ਰਾਹੀਂ ਪ੍ਰਚਾਰ ਕਰਨ ਦੀ ਰੁਚੀ ਦੀ ਸਿਖਰ ਜਾਪਦੀ ਹੈ ?

• ਮੈਂ ਅਕਸਰ ਇਹ ਗੱਲ ਮੰਨੀ ਹੈ, ਇਹ ਸਟੇਟਮੈਂਟ ਦਿੱਤੀ ਹੈ ਕਿ ਇਨਕਲਾਬ ਮੇਰੇ ਲਈ ਨਾਅਰਾ ਨਹੀਂ, ਹਕੀਕਤ ਹੈ। ਗੁੱਝੀ ਗੱਲ ਕਰਨ ਦੀ ਲੋੜ ਉਸਨੂੰ ਪੈਂਦੀ ਹੈ ਜੋ ਆਪਣੀ ਵਿਚਾਰਧਾਰਾ ਲਈ ਸਪੱਸ਼ਟ ਨਹੀਂ ਏ...(ਆਪਣੇ ਵਿਸ਼ੇਸ਼ ਅੰਦਾਜ਼ ਵਿਚ ਭਾਵੁਕ ਹੁੰਦਿਆਂ) ਅਸੀਂ ਸਪੱਸ਼ਟ ਹਾਂ, ਇਸ ਸਮਾਜਿਕ ਅਨਿਆਏ ਬਾਰੇ ਬਿਲਕੁਲ ਸਪੱਸ਼ਟ ਹਾਂ। ਸਾਨੂੰ ਆਪਣਾ ਤੇ ਆਪਣੇ ਵਰਗੇ ਲੱਖਾਂ ਕਰੋੜਾਂ ਮਿਹਨਤਕਸ਼ ਲੋਕਾਂ ਦਾ ਅੱਜ ਤੇ ਕੱਲ੍ਹ ਸਪੱਸ਼ਟ ਨਜ਼ਰ ਆਉਂਦਾ ਹੈ। ਫਿਰ ਕਿਉਂ ਨਾ ਅਸੀਂ ਖੁਲ੍ਹ ਕੇ ਆਪਣੀ ਗੱਲ ਕਹਿ ਸਕੀਏ। ਜੇ ਸੌ ਲੋਕ ਵੀ ਇਤਰਾਜ਼ ਕਰਦੇ ਹਨ ਤਾਂ ਮੈਂ ਇਨਾਂ ਸੌਆਂ ਪਿੱਛੇ ਲੱਖਾਂ-ਕਰੋੜਾਂ ਨੂੰ ਕਿਉਂ ਛੱਡਾਂ। ਮੈਂ ਇਤਰਾਜ਼ ਕਰਨ ਵਾਲਿਆਂ ਨੂੰ ਕੰਡੰਮ ਨਹੀਂ ਕਰਦਾ। ਨਾਲੇ ਮੈਂ ਕਿਹੜਾ ਆਪਣੇ ਆਪ ਨੂੰ ਉਨ੍ਹਾਂ ਤੇ ਠੋਸਦਾ ਹਾਂ। ਮੇਰਾ ਥੀਏਟਰੀ ਵਿਚ ਇਕ ਨਵਾਂ ਈਡੀਅਮ ਲੱਭਿਆ ਏ...ਇਹ 'ਥੜੇ' ਦਾ ਈਡੀਅਮ ਏ, ਅਵਾਮੀ ਰੰਗਮੰਚ ਦਾ ਈਡੀਅਮ ਏ... ਮੈਂ ਪਿੰਡਾਂ ਤੇ ਸਮਾਜ ਦੇ ਉਨ੍ਹਾਂ ਥੱਲੜੇ ਲੋਕਾਂ ਬਾਰੇ ਇਸ ਈਡੀਅਮ ਨਾਲ ਗੱਲ ਕੀਤੀ ਏ... ਜੋ ਹੋਰ ਨਹੀਂ ਕਰ ਸਕਦੇ। ਉਨ੍ਹਾਂ ਵਿਚ ਜਜ਼ਬਿਆਂ ਦਾ ਉਭਾਰ, ਉਨ੍ਹਾਂ ਨੂੰ ਹਸਾਉਣਾ-ਰੁਵਾਉਣਾ ਇਹ ਸਭ ਮੇਰੇ ਉਸ ਈਡੀਅਮ ਦਾ ਹਿੱਸਾ ਨੇ ਸਾਡੇ ਆਉਣ ਵਾਲੇ ਰੰਗਕਰਮੀਆਂ ਨੂੰ ਚਾਹੀਦਾ ਏ ਕਿ ਉਹ ਪੇਂਡੂ ਥੀਏਟਰ ਬਾਰੇ ਸੋਚਣ, ਖੋਜ ਕਰਨ ਸਾਡਾ ਅਸਲੀ ਥੀਏਟਰ ਇਹੀ ਏ।

? ਕੀ ਪ੍ਰੋਸੀਨੀਅਮ ਦੇ ਮੁਕਾਬਲੇ ਇਸ ਸੜਕ-ਤਮਾਸ਼ਾ ਨੁਮਾ ਥੀਏਟਰ ਦੀ ਵਿਚਾਰ ਧਾਰਾ ਨੂੰ ਲੋਕ ਮਦਾਰੀ ਖੇਡੇ ਦੇ ਵਿਪਰੀਤ ਗੰਭੀਰਤਾ ਨਾਲ ਲੈਂਦੇ ਹਨ ?

• ਬਿਲਕੁਲ ਲੈਂਦੇ ਨੇ... ਹੁਣ ਤੱਕ ਮੈਂ ਖੁਦ ਸਿਰਫ ਪੰਜਾਬ ਵਿਚ ਹੀ ਨੁੱਕੜ ਨਾਟਕ ਦੀਆਂ 2300 ਪੇਸ਼ਕਾਰੀਆਂ ਕਰ ਚੁੱਕਾ ਹਾਂ। ਰੋਪੜ ਵਿਚ ਅਸੀਂ ਇਕ ਦਿਨ ਵਿਚ 17 ਨੁੱਕੜ-ਪੇਸ਼ਕਾਰੀਆਂ ਕਰਕੇ ਇਕ ਰਿਕਾਰਡ ਬਣਾਇਆ ਏ ਤੇ ਮੈਂ ਹਮੇਸ਼ਾਂ ਹੀ ਮਹਿਸੂਸ ਕੀਤਾ ਏ ਕਿ ਲੋਕ ਇਸ ਵਿਧਾ ਨਾਲ ਜੁੜਦੇ ਹਨ, ਤੇ ਇਸਦੀ ਵਿਚਾਰਧਾਰਾ ਨੂੰ ਪੂਰੀ ਗੰਭੀਰਤਾ ਨਾਲ ਅਪਣਾਉਂਦੇ ਨੇ। ਇਸਦਾ ਕਾਰਣ ਇਕ ਤਾਂ ਇਸ ਵਿਧਾ ਵਿਚਲਾ ਸਟਾਇਰ ਹੈ, ਤੇ ਨਾਲੇਜ ਹੈ ਤੇ ਸਿੱਧਾ ਸਪੱਸ਼ਟ ਸੁਨੇਹਾ। ਦੂਜਾ ਦਰਸ਼ਕ ਪਾਤਰਾਂ ਦੇ ਐਨੇ ਕਰੀਬ ਹੁੰਦੇ ਹਨ ਕਿ ਜਿਵੇਂ ਉਨ੍ਹਾਂ ਦਾ ਹੀ ਇਕ ਹਿੱਸਾ ਹੋਣ। ਇਹ ਗੱਲ ਵੀ ਦਰਸ਼ਕਾਂ ਨੂੰ ਨਾਟਕ ਦੀ ਸੋਚ ਨਾਲ ਜੋੜਦੀ ਏ।

? ਤੁਹਾਡੇ ਅਨੁਭਵ ਅਨੁਸਾਰ ਇਕ ਵਧੀਆ ਨੁੱਕੜ ਨਾਟਕ ਵਿਚ ਕੀ ਖ਼ੂਬੀਆਂ ਹੋਣੀਆਂ ਚਾਹੀਦੀਆਂ ਨੇ ?

• ਸਭ ਤੋਂ ਵੱਡੀ ਗੱਲ ਨੁੱਕੜ-ਨਾਟਕਕਾਰ ਸੰਬੰਧੀ ਇਹ ਹੈ ਕਿ ਉਹ ਜੋ ਵੀ ਵਿਸ਼ਾ ਜਾਂ ਵਿਚਾਰ ਵਿਚ ਡਿਸਕਿਸ ਕਰੇ, ਉਸ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹੋਣਾ ਚਾਹੀਦਾ ਹੈ। ਨਾਲੇ ਜੋ ਨਾਟਕ ਦਾ ਵਿਸ਼ਾ ਹੈ, ਉਹ ਇਕ ਦਮ ਲੋਕਾਂ ਦੀਆਂ ਸਮੱਸਿਆਵਾਂ ਨਾਲ ਜੁੜਿਆ ਹੋਵੇ ਅਤੇ ਜੇ ਉਹ ਸਮਕਾਲੀ ਜੀਵਨ ਤੇ ਸਮਾਜ ਦਾ ਹਿੱਸਾ ਹੋਵੇ ਤਾਂ ਸਗੋਂ ਇਹ ਹੋਰ ਵੀ ਚੰਗਾ ਰਹੇਗਾ। ਦੂਜਾ ਨੁੱਕੜ-ਨਾਟਕ ਬਹੁਤੇ ਲੰਮੇ ਨਹੀਂ ਹੋਣੇ ਚਾਹੀਦੇ। ਨੁੱਕੜ-ਨਾਟਕ ਪੇਸ਼ਕਾਰੀ ਦੇ ਦੋ ਤਰੀਕੇ ਹੁੰਦੇ ਹਨ, ਅਲਾਉਂਸਡ ਅਤੇ ਅਨ-ਅਨਾਉਂਸਡ। ਅਨਾਉਂਸਡ ਪੇਸ਼ਕਾਰੀ ਤੋਂ ਭਾਵ ਜਿਸ ਬਾਰੇ ਦਰਸ਼ਕਾਂ ਨੂੰ ਦੋ-ਚਾਰ ਘੰਟੇ ਜਾਂ ਇਕ-ਦੋ ਦਿਨ ਪਹਿਲਾਂ ਪਤਾ ਹੋਵੇ ਤੇ ਅਨ-ਅਨਾਉਂਸਡ ਪੇਸ਼ਕਾਰੀ ਦਾ ਭਾਵ ਏ ਕਿ ਐਨ ਕਿਸੇ ਬਜ਼ਾਰ ਜਾਂ ਚੌਕ-ਮੁਹੱਲੇ ਵਿਚ ਡੁੱਗਡੁਗੀ ਵਜਾ ਕੇ ਦਰਸ਼ਕ ਇਕੱਠੇ ਕਰ ਲਏ ਜਾਣ। ਇਹ ਗੱਲ ਸਫ਼ਦਰ ਹਾਸ਼ਮੀ ਹੋਰਾਂ ਦਾ ਵੀ ਖਿਆਲ ਹੈ ਕਿ ਇਸ 'ਕਿਸਮ ਦੇ ਅਨ-ਅਨਾਉਂਸਡ' ਨਾਟਕ ਤਾਂ 15-20 ਮਿੰਟ ਤੋਂ ਲੰਮੇ ਬਿਲਕੁਲ ਨਹੀਂ ਹੋਣੇ ਚਾਹੀਦੇ। ਅਨਾਉਂਸਡ ਨਾਟਕ ਬਾਰੇ ਕਿਉਂਕਿ ਦਰਸ਼ਕ ਪਹਿਲੋਂ ਹੀ ਮਾਨਸਿਕ ਤੌਰ 'ਤੇ ਤਿਆਰ ਹੁੰਦਾ ਹੈ, ਸੋ ਉਹ ਇਨ੍ਹਾਂ ਨਾਟਕਾਂ ਲਈ 30 ਜਾਂ ਇਸ ਤੋਂ ਥੋੜ੍ਹਾ ਹੋਰ ਚਿਰ ਵੱਧ ਰੁੱਕ ਸਕਦਾ ਹੈ। ਤੀਜਾ ਨੁੱਕੜ ਨਾਟਕ ਲਈ ਐਕਟਰ ਵੀ ਵਿਸ਼ੇਸ਼ ਸਮਰੱਥਾ ਤੇ ਹੌਂਸਲੇ ਵਾਲੇ ਹੋਣੇ ਚਾਹੀਦੇ ਹਨ ਜਿਨ੍ਹਾਂ ਕੋਲ ਠੋਸ ਤੇ ਉੱਚੀ ਆਵਾਜ਼ ਤੇ ਪੱਕੇ ਹੋਏ ਗਲੇ ਹੋਣ। ਬਾਕੀ ਹਰ ਪੇਸ਼ਕਾਰੀ ਵਿਚ ਸੰਗੀਤ ਤੇ ਉਹ ਵੀ ਲਿਵਿੰਗ ਹੋਵੇ ਰਿਕਾਰਡਡ ਨਹੀਂ, ਜ਼ਰੂਰ ਹੋਣਾ ਚਾਹੀਦਾ ਹੈ, ਜੋ ਵਿਸ਼ੇਸ਼ ਧੁਨੀ-ਪ੍ਰਭਾਵ ਪੈਦਾ ਕਰਦਾ ਹੋਵੇ। ਮੈਂ ਵੇਖਿਆ ਹੈ ਕਿ ਦਰਸ਼ਕ ਅਜਿਹੇ ਨਾਟਕਾਂ ਨੂੰ ਵਿਸ਼ੇਸ਼ ਤੌਰ ਤੇ ਪਸੰਦ ਕਰਦੇ ਹਨ, ਜਿਨ੍ਹਾਂ ਦੇ ਪਾਤਰ ਮਿਊਜ਼ਕ ਦੀ ਬੀਟ ਤੇ ਹਰਕਤਾਂ ਕਰਦੇ ਹੋਣ। ਮੈਨੂੰ ਯਾਦ ਹੈ ਬਰਮਿੰਘਮ ਦੀ ਉਹ ਪੇਸ਼ਕਾਰੀ 'ਕਮੋਡ', ਜਿਸ ਵਿਚ ਇਕ ਮਿਲ ਮਾਲਕ ਨੂੰ ਜਦੋਂ ਮਜ਼ਦੂਰਾਂ ਤੋਂ ਡਰ ਕੇ ਪਖਾਨੇ ਲੱਗ ਜਾਂਦੇ ਹਨ ਤਾਂ ਕਿਵੇਂ ਇਕ ਗਿਟਾਰਿਸਟ ਗਿਟਾਰ ਤੇ 'ਪਿੜ...ਪਿੜ...ਪਿੜ'

ਦੀ ਆਵਾਜ਼ ਕੱਢਦਾ ਸੀ ਕਿ ਸਾਰੀ ਗੱਲ ਇਕ ਦਮ ਸਾਫ਼ ਹੋ ਜਾਂਦੀ ਸੀ। ਪੰਜਾਬੀ ਵਿਚ ਗੁਰਚਰਨ ਚੰਨੀ ਤੇ ਸੁਰਜੀਤ ਗਾਮੀ ਦਾ ਨਾਮ ਮੈਂ ਵਿਸ਼ੇਸ਼ ਤੌਰ ਤੇ ਲੈਣਾ ਚਾਹਾਂਗਾ, ਜਿਨ੍ਹਾਂ ਦੇ ਸਟਰੀਟ ਥੀਏਟਰ ਵਿਚ ਇਹ ਸਾਰੇ ਗੁਣ ਹਨ। ਇਸਦੇ ਇਲਾਵਾ ਹਰ ਨੁੱਕੜ-ਨਾਟਕ ਵਿਚ ਦਰਸ਼ਕ ਨੂੰ ਆਪਣੇ ਵਿਚ ਇਨਵਾਲਵ ਕਰਨ ਦੀ ਵੀ ਸਮਰੱਥਾ ਹੋਣੀ ਚਾਹੀਦੀ ਹੈ, ਤਾਂ ਹੀ ਦਰਸ਼ਕ ਨਾਟਕਕਾਰ ਦੀ ਗੱਲ ਨੂੰ ਅਪਣਾਉਣਗੇ। ਮੈਨੂੰ ਯਾਦ ਹੈ ਨਾਟਕ '...' ਦੀ ਗੱਲ ਜਿਸ ਵਿਚ ਇਕ ਔਰਤ (ਜਤਿੰਦਰ ਕੌਰ) ਊਧਮ ਸਿੰਘ ਦੀਆਂ ਅਸਥੀਆਂ ਨੂੰ ਸਵਾਲ ਕਰਦੀ ਹੈ ਕਿ ਜਲਿਆਂ ਵਾਲੇ ਬਾਗ ਦਾ ਬਦਲਾ ਤਾਂ ਤੂੰ ਲਿਆ ਸੀ, ਹੁਣ ਇਸ ਕਾਂਡ (ਮੋਗਾ ਦਾ 'ਰੀਗਲ-ਸਿਨੇਮਾ' ਗੋਲੀ ਕਾਂਡ) ਦਾ ਬਦਲਾ ਕੌਣ ਲਵੇਗਾ ਤਾਂ ਦਰਸ਼ਕਾਂ ਵਿਚੋਂ ਅਵਾਜ਼ਾਂ ਆਈਆਂ ਸਨ "ਅਸੀਂ ਇਸਦਾ ਬਦਲਾ ਲਵਾਂਗੇ"-ਸੋ ਇਹ ਇਨਵਾਲਵਮੈਂਟ ਬਹੁਤ ਜ਼ਰੂਰੀ ਹੈ; ਇਸੇ ਲਈ ਮੈਂ ਕਹਿੰਦਾ ਹਾਂ ਕਿ ਇਹ ਸਿਰਫ ਮਦਾਰੀ-ਤਮਾਸ਼ਾ ਨਹੀਂ ਹੈ। ਲੋਕ ਜ਼ਰੂਰੀ ਤੌਰ ਤੇ ਇਸ ਵਿਧਾ ਨੂੰ ਗੰਭੀਰਤਾ ਨਾਲ ਲੈਂਦੇ ਹਨ। ਹਾਂ ਨੁੱਕੜ-ਨਾਟਕ ਵਿਚ "ਕੰਪੋਜ਼ੀਸ਼ਨ ਤੇ ਕੋਰਿਓਗਰਾਫਿਕ ਮੂਵਮੈਂਟਸ" ਹੋਣ ਤਾਂ ਹੋਰ ਵੀ ਵਧੀਆ। ਇਹ ਦਰਸ਼ਕਾਂ ਦੀਆਂ ਅੱਖਾਂ ਦੀ ਭੁੱਖ ਵੀ ਪੂਰੀ ਕਰਦਾ ਹੈ ਤੇ ਅੰਤਿਮ ਗੱਲ ਇਸਦੀ ਪ੍ਰੋਸੀਨੀਅਮ ਨਾਲੋਂ ਪੇਸ਼ਕਾਰੀ-ਸ਼ੈਲੀ ਵਿਚ ਵੀ ਅੰਤਰ ਹੈ। ਪ੍ਰੋਸੀਨੀਅਮ ਵਿਚ ਜਿੱਥੇ 'ਵਾਤਾਵਰਣ' ਦਾ ਪ੍ਰਭਾਵ ਉਸਾਰਣ ਉੱਪਰ ਜ਼ੋਰ ਲਗਾਇਆ ਜਾਂਦਾ ਹੈ ਉੱਥੇ ਨੁੱਕੜ ਵਿਚ ਪਾਤਰਾਂ ਦੇ ਜੈਸਚਰਜ਼ ਅਤੇ ਮੂਵਮੈਂਟਸ ਨੂੰ ਹੀ 'ਐਨਲਾਰਜ਼' ਕਰਕੇ ਉਪਰੋਕਤ ਪ੍ਰਭਾਵ ਕੱਢ ਲਏ ਜਾਂਦੇ ਹਨ। ਗੁਰਚਰਨ ਚੰਨੀ ਤੇ ਸੁਰਜੀਤ ਗਾਮੀ ਨੂੰ ਇਹ ਵੱਲ ਬੜਾ ਆਉਂਦਾ ਏ।

? ਪੰਜਾਬੀ ਨੁੱਕੜ-ਨਾਟ ਦੇ ਭਵਿੱਖ ਬਾਰੇ ਤੁਸੀਂ ਕਿਵੇਂ ਸੋਚਦੇ ਹੋ ?

• ਕਿਉਂਕਿ ਇੱਥੇ ਰਾਜਨੀਤਿਕ ਤੌਰ ਤੇ ਮਾਹੌਲ ਬੜਾ ਖ਼ਰਾਬ ਹੈ। ਲੋਕ ਇਕੱਠੇ ਹੋਣੋਂ ਡਰਦੇ ਹਨ। ਫਿਰ ਪ੍ਰਸ਼ਾਸ਼ਨ ਵੀ ਬੜਾ ਤੰਗ ਕਰਦਾ ਹੈ। ਇਹ ਸੱਮਸਿਆ ਤਾਂ ਸਫ਼ਦਾਰ ਹਾਸ਼ਮੀ ਨੂੰ ਵੀ ਸੀ। ਟੋਨੀ ਬਾਤਿਸ਼ ਨੂੰ ਵੀ ਪੁਲਿਸ ਨੇ ਪਿੱਛੇ ਜਿਹੇ ਇਵੇਂ ਹਰਾਸ ਕੀਤਾ। 85 ਤੋਂ ਬਾਅਦ ਮੰਗਲ ਢਿੱਲੋਂ ਨੂੰ ਵੀ 'ਬਾਬਾ ਬੋਲਦਾ ਹੈ' ਦੀ ਪੇਸ਼ਕਾਰੀ ਸਮੇਂ ਚੰਡੀਗੜ੍ਹ 'ਚ ਪੁਲਿਸ ਨੇ ਗ੍ਰਿਫ਼ਤਾਰ ਕੀਤਾ, ਸੋ ਇਸ ਵਿਧਾ ਨਾਲ ਜੇ ਕਮਿੱਟਮੈਂਟ ਹੋਵੇ ਤਾਂ ਹੀ ਨਿਭਿਆ ਜਾ ਸਕਦਾ ਹੈ, ਪਰ ਅਫ਼ਸੋਸ ! ਅਜਿਹਾ ਨਹੀਂ ਹੈ ਥੋੜ੍ਹਾ ਬਹੁਤਾ ਅੰਮ੍ਰਿਤਸਰ ਤੇ ਮਾਨਸਾ, ਥੋੜ੍ਹਾ ਜਿਹਾ ਚੰਡੀਗੜ੍ਹ ਇਹ ਨੁੱਕੜ-ਨਾਟਕ ਹੋ ਰਿਹਾ ਹੈ। ਪੰਜਾਬ ਵਿਚ ਪਟਿਆਲੇ ਵੀ ਹੋਇਆ ਪਰ ਉਹ ਇਸਦੀ ਫ਼ਾਰਮ ਬਾਰੇ ਸੁਚੇਤ ਨਹੀਂ ਸਨ ਸੋ ਗੱਲ ਨਹੀਂ ਬਣੀ। ਹੁਣ ਗਾਮੀ ਕਰ ਰਿਹਾ ਹੈ ਤੇ ਟੋਨੀ ਵੀ, ਉਮੀਦ ਹੈ ਪਰ ਘੱਟ ਏ। ਹੁਣ ਪੰਜਾਬ ਸੰਗੀਤ ਨਾਟਕ-ਅਕਾਦਮੀ ਵੱਲੋਂ ਨੁੱਕੜ-ਨਾਟਕਾਂ ਨੂੰ ਵੀ ਸਪਾਂਸਰ ਕਰਨ ਦੀ ਸਕੀਮ ਬਣਾ ਰਹੇ ਹਾਂ... ਚਲੋ ਜਿਨ੍ਹਾਂ ਵੀ ਕੰਮ ਹੋਈ ਜਾਵੇ... ਬਾਕੀ ਆਪੇ ਵੇਖੀ ਜਾਏਗੀ।

ਪਰ ਇਹ ਵੱਡਾ ਸੱਚ ਹੈ ਕਿ ਨੁੱਕੜ-ਨਾਟ ਹੁਣ ਤੱਕ ਆਪੇ ਨਹੀਂ ਹੋਈ ਗਿਆ। ਯਕੀਨਣ ਇਸ ਵਿਧਾ ਨੂੰ ਗੁਰਸ਼ਰਨ ਭਾਅ ਜੀ ਦੀ ਦੇਣ ਹੈ। ਥੀਏਟਰੀ ਮਾਨਤਾਵਾਂ ਚਾਹੇ ਨਾ ਸਹੀ ਪਰ ਅਰਥਾਂ ਵਿਚ ਉਸ ਦਾ ਨਾਟਕ-ਲੋਕ-ਨਾਟਕ ਹੈ, ਜਿਸਨੂੰ ਉਹ 'ਪੇਂਡੂ-ਲੋਕਾਂ ਦੀ ਜ਼ਿੰਦਗੀ ਦਾ ਨਾਟਕ' ਆਖਦਾ ਹੈ। ਜੇ ਉਸਤੇ ਗ਼ੈਰ-ਥੀਏਟਰੀ ਹੋਣ ਦੇ ਇਲਜ਼ਾਮ ਹਨ ਤਾਂ ਉਸ ਨੂੰ ਤਕਨੀਕੀ-ਮਾਹਿਰ ਹੋਣ ਦਾ ਦਾਅਵਾ ਵੀ ਕਦੋਂ ਹੈ। "ਇਹ ਮੇਰੀ ਆਪ ਸਿਰਜੀ ਫ਼ਾਰਮ ਹੈ, ਤੁਸੀਂ ਇਸੇ ਨਜ਼ਰੀਏ ਤੋਂ ਇਸ ਨੂੰ ਦੇਖੋ"... ਉਹ ਆਖਦਾ ਹੈ। ਠੀਕ ਜਿਵੇਂ ਉਸਦੀਆਂ ਗੱਲਾਂ ਹਨ, ਉਹੋ ਜਿਹਾ ਸਾਦ-ਮੁਰਾਦਾ ਉਸਦਾ ਸਟਰੀਟ ਥੀਏਟਰ ਹੈ ਤੇ ਇਹੀ ਖ਼ੂਬੀ ਉਸਨੂੰ ਲੋਕਾਂ ਦੇ ਹੋਰ ਨੇੜੇ ਲੈ ਜਾਂਦੀ ਹੈ। ਸ਼ਾਇਦ ਇਸੇ ਗੱਲ ਤੋਂ ਪ੍ਰਭਾਵਿਤ ਹੋ ਕੇ 1981 ਵਿਚ ਇੰਡੀਆ ਹਾਊਸ ਦਿੱਲੀ ਵਿਚ ਬੰਗਾਲੀ ਰੰਗਕਰਮੀ ਕਮਲਾ ਦੇਵੀ ਚਟੋਪਾਅਧਿਏ ਆਪ ਮੁਹਾਰੇ ਆਖ ਉੱਠੀ ਸੀ...

"Here is the theatre, what my Indian People need I was thinking about this from last 30 Years and now, Gursharn Singh has given us" ਪਰ ਕਿੱਡੀ ਵੱਡੀ ਤ੍ਰਾਸਦੀ ਹੈ, ਗੁਰਸ਼ਰਨ ਸਿੰਘ ਬਾਰੇ ਇਹ ਮਹਾਂ-ਵਿਚਾਰ ਇਕ ਬੰਗਾਲੀ ਦਾ ਹੈ, ਪੰਜਾਬੀ ਦਾ ਨਹੀਂ ਜਿਸਦਾ ਉਨ੍ਹਾਂ ਨੂੰ ਵੀ, ਸਾਨੂੰ ਵੀ ਸਦਾ ਹੀ ਗਿਲਾ ਰਹੇਗਾ।

(***ਰੰਗਮੰਚ*** ਵਿਚੋਂ ਧੰਨਵਾਦ ਸਹਿਤ)